## ਜੇ ਮੈਂ ਪ੍ਰੀਮੀਅਮ ਨਾ ਦੇਵਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਆਪਣਾ ਡੀ ਆਰ ਪੀ/ਡੀ ਪੀ ਪੀ ਦਾ ਪ੍ਰੀਮੀਅਮ ਨਾ ਅਦਾ ਕਰੋ ਤਾਂ

- ਜਿੰਨਾ ਚਿਰ ਤੱਕ ਤੁਸੀਂ ਆਈ ਸੀ ਬੀ ਸੀ ਜਾਂ ਸਰਕਾਰ ਦੇ ਪੈਸੇ ਅਦਾ ਨਹੀਂ ਕਰਦੇ ਉਨੀ ਦੇਰ ਤੱਕ ਤੁਸੀਂ ਡਰਾਈਵਰ ਲਾਇਸੰਸ ਜਾਂ ਗੱਡੀ ਦੀ ਇੰਸ਼ੋਰੈਂਸ ਬਾਰੇ ਕੋਈ ਵੀ ਲੈਣ-ਦੇਣ ਨਹੀਂ ਕਰ ਸਕੋਗੇ।
- ਤੁਹਾਡੇ ਡਰਾਈਵਰ ਲਾਇਸੰਸ ਨਾਲ ਦਿੱਤੀ ਗਈ ਇੰਸ਼ੋਰੈਂਸ ਦੀ ਕਵਰੇਜ ਉਚਿਤ ਨਹੀਂ ਰਹੇਗੀ।
- ਨਾ ਅਦਾ ਕੀਤੀ ਰਕਮ ਉੱਤੇ ਵਿਆਜ ਲਾਵਾਂਗੇ

## ਕੀ ਮੈਂ ਆਪਣੇ ਪ੍ਰੀਮੀਅਮ ਨੂੰ ਘਟਾਉਣ ਜਾਂ ਖਤਮ ਕਰਨ ਲਈ ਕੁਝ ਕਰ ਸਕਦਾ/ਸਕਦੀ ਹਾਂ?

ਬਿੱਲ ਅਧੀਨ ਆਉਂਦੇ ਪੂਰੇ ਸਮੇਂ ਲਈ (ਆਪਣੀ ਅਸੈੱਸਮੈਂਟ ਦੀ ਤਰੀਕ ਤੋਂ ਅਗਲੇ ਦਿਨ ਤੋਂ ਸ਼ੁਰੂ ਕਰਕੇ ਆਪਣੀ ਅਗਲੀ ਅਸੈੱਸਮੈਂਟ ਦੀ ਤਰੀਕ ਤੱਕ - ਆਮ ਤੌਰ ਉੱਤੇ ਤੁਹਾਡੀ ਜਨਮ ਦੀ ਤਰੀਕ ਤੱਕ*) ਆਪਣੀ ਮਰਜ਼ੀ ਨਾਲ ਆਪਣਾ ਲਾਇਸੰਸ ਕਿਸੇ ਲਾਇਸੰਸ ਦੇਣ ਵਾਲੇ ਦਫਤਰ ਵਿੱਚ ਜਮ੍ਹਾ ਕਰਵਾ ਕੇ ਤੁਸੀਂ ਆਪਣੇ ਡੀ ਆਰ ਪੀ/ਡੀ ਪੀ ਪੀ ਪ੍ਰੀਮੀਅਮ ਨੂੰ ਖਤਮ ਕਰ ਸਕਦੇ ਹੋ।*

ਤੁਹਾਡਾ ਪ੍ਰੀਮੀਅਮ ਘਟ ਸਕਦਾ ਹੈ, ਜੇ ਬਿੱਲ ਦੇ ਸਮੇਂ ਦੌਰਾਨ ਤੁਹਾਡੇ ਉੱਤੇ 60 ਦਿਨਾਂ ਜਾਂ ਵੱਧ ਸਮੇਂ ਲਈ ਗੱਡੀ ਚਲਾਉਣ ਦੀ ਮਨਾਹੀ ਲਾਈ ਗਈ ਸੀ ਜਾਂ ਤੁਸੀਂ ਆਪਣੇ ਲਾਇਸੰਸ ਨੂੰ 30 ਦਿਨ ਜਾਂ ਵੱਧ ਸਮੇਂ ਲਈ ਜਮ੍ਹਾ ਕਰਵਾਇਆ ਸੀ।

ਜੇ ਤੁਸੀਂ ਆਪਣਾ ਡਰਾਈਵਰ ਲਾਇਸੰਸ ਆਪਣੀ ਮਰਜ਼ੀ ਨਾਲ ਜਮ੍ਹਾ ਕਰਵਾਇਆ ਸੀ, ਤਾਂ ਤੁਸੀਂ ਕਿਸੇ ਵੀ ਸਮੇਂ ਡਰਾਈਵਰ ਲਾਇਸੰਸ ਦੇਣ ਵਾਲੇ ਦਫਤਰ ਵਿੱਚ ਜਾ ਕੇ ਅਤੇ ਘੱਟ ਕੀਤੇ ਡੀ ਆਰ ਪੀ/ਡੀ ਪੀ ਪੀ ਦੇ ਪ੍ਰੀਮੀਅਮ ਅਦਾ ਕਰਕੇ ਅਤੇ ਲਾਇਸੰਸ ਨੂੰ ਦੁਬਾਰਾ ਬਹਾਲ ਕਰਨ ਅਤੇ/ਜਾਂ ਦੁਬਾਰਾ ਨਵਿਆਉਣ ਦੀ ਫੀਸ ਅਦਾ ਕਰਕੇ ਆਪਣਾ ਲਾਇਸੰਸ ਵਾਪਸ ਲੈ ਸਕਦੇ ਹੋ, ਬਸ਼ਰਤੇ ਕਿ:

- ਤੁਹਾਡੇ ਉੱਪਰ ਗੱਡੀ ਚਲਾਉਣ ਦੀ ਕੋਈ ਹੋਰ ਬੰਦਸ਼ ਨਾ ਲੱਗੀ ਹੋਵੇ
- ਤੁਸੀਂ ਆਈ ਸੀ ਬੀ ਸੀ ਜਾਂ ਸਰਕਾਰ ਦੇ ਕੋਈ ਹੋਰ ਪੈਸੇ ਨਾ ਦੇਣੇ ਹੋਣ
- ਤੁਹਾਨੂੰ ਦੁਬਾਰਾ ਇਮਤਿਹਾਨ ਦੇਣ ਦੀ ਲੋੜ ਨਾ ਹੋਵੇ।

ਡਰਾਇਵਰ ਲਾਇਸੈਂਸਿੰਗ ਦਫਤਰ ਵਿੱਚ ਜਾਣ ਤੋਂ ਪਹਿਲਾਂ ਪ੍ਰੀਮੀਅਮ ਦੀ ਰਕਮ ਅਤੇ ਲਾਇਸੰਸ ਨੂੰ ਦੁਬਾਰਾ ਬਹਾਲ ਕਰਨ ਦੀ ਫੀਸ ਬਾਰੇ ਜਾਣਨ ਲਈ ਆਈ ਸੀ ਬੀ ਸੀ ਇੰਸ਼ੋਰੈਂਸ ਕਸਟਮਰ ਸਰਵਿਸ ਨੂੰ ਫੋਨ ਜ਼ਰੂਰ ਕਰੋ।

ਤੁਸੀਂ ਆਈ ਸੀ ਬੀ ਸੀ ਇੰਸ਼ੋਰੈਂਸ ਕਸਟਮਰ ਸਰਵਿਸ ਕੋਲ ਦਿੱਤੇ ਪੈਸੇ ਵਾਪਸ ਲੈਣ ਜਾਂ ਆਪਣੇ ਬਿੱਲ ਵਿੱਚ ਕਟੌਤੀ ਕਰਨ ਲਈ ਅਰਜ਼ੀ ਵੀ ਕਰ ਸਕਦੇ ਹੋ, ਜੇ ਬਿੱਲ ਅਧੀਨ ਪੈਂਦੇ ਸਮੇਂ ਦੌਰਾਨ ਤੁਸੀਂ 30 ਦਿਨਾਂ ਲਈ ਲਗਾਤਾਰ:

- ਕਿਸੇ ਹੋਰ ਸੂਬੇ ਵਿੱਚ ਰਹਿ ਰਹੇ ਸੀ ਅਤੇ ਉੱਥੇ ਤੁਹਾਡੇ ਕੋਲ ਕਾਨੂੰਨੀ ਤੌਰ ਉੱਤੇ ਸਹੀ ਲਾਇਸੰਸ ਸੀ।
- ਤੁਸੀਂ ਕੈਨੇਡਾ ਜਾਂ ਅਮਰੀਕਾ ਵਿੱਚ ਨਹੀਂ ਸੀ।
- ਤੁਸੀਂ ਜੇਲ੍ਹ ਵਿੱਚ ਸੀ।
- ਤੁਸੀਂ ਡਾਕਟਰੀ ਕਾਰਨਾਂ ਕਰਕੇ ਗੱਡੀ ਨਹੀਂ ਚਲਾ ਸਕਦੇ ਸੀ।

ਤੁਹਾਨੂੰ ਇਹਨਾਂ ਹਾਲਤਾਂ ਦੀ ਪੁਸ਼ਟੀ ਕਰਨ ਲਈ ਸਾਨੂੰ ਉਚਿਤ ਕਾਗਜ਼-ਪੱਤਰ ਦੇਣੇ ਪੈਣਗੇ।

** ਡੀ ਆਰ ਪੀ ਦੇ ਪ੍ਰੋਗਰਾਮ ਨਾਲ, ਹੋ ਸਕਦਾ ਹੈ ਕਿ ਤੁਹਾਨੂੰ ਪ੍ਰੀਮੀਅਮ ਖਤਮ ਕਰਨ ਲਈ ਅਗਲੇ ਤਿੰਨ ਸਾਲਾਂ ਵਿੱਚ ਹਰ ਸਾਲ ਇਕ ਵਾਰ ਆਪਣਾ ਲਾਇਸੰਸ ਜਮ੍ਹਾਂ ਕਰਾਉਣਾ ਪਵੇ।*

## ਮੈਂ ਪ੍ਰੀਮੀਅਮ ਕਿੱਥੇ ਅਦਾ ਕਰ ਸਕਦਾ/ਸਕਦੀ ਹਾਂ?

ਅਦਾਇਗੀ ਕਰਨ ਦੇ ਤਿੰਨ ਸੌਖੇ ਤਰੀਕੇ ਹਨ:

1. ਇੰਸ਼ੋਰੈਂਸ ਕਾਰਪੋਰੇਸ਼ਨ ਆਫ ਬ੍ਰਿਟਿਸ਼ ਕੋਲੰਬੀਆ ਦੇ ਨਾਂ ਦੇ ਚੈੱਕ ਜਾਂ ਮਨੀਆਰਡਰ ਨਾਲ ਰਸੀਦ ਲਾ ਕੇ ਹੇਠ ਲਿਖੇ ਪਤੇ ਉੱਤੇ ਡਾਕ ਰਾਹੀਂ ਭੇਜ ਦਿਉ:

   ICBC Revenue Accounting
   151 West Esplanade
   North Vancouver BC V7M 3H9

   ਤੁਸੀਂ ਰਸੀਦ ਦੇ ਨਾਲ ਵੀਜ਼ਾ, ਮਾਸਟਰ ਕਾਰਡ ਜਾਂ ਅਮਰੀਕਨ ਐਕਸਪ੍ਰੈੱਸ ਦੀ ਜਾਣਕਾਰੀ ਅਤੇ ਆਪਣੇ ਦਸਖਤ ਕਰਕੇ ਵੀ ਉਪਰਲੇ ਪਤੇ ਉੱਤੇ ਡਾਕ ਰਾਹੀਂ ਭੇਜ ਸਕਦੇ ਹੋ।
2. ਕਿਸੇ ਫੁੱਲ ਸਰਵਿਸ ਏ ਟੀ ਐੱਮ, ਜਿੱਥੇ ਤੁਸੀਂ ਆਪਣੀ ਆਮ ਬੈਂਕਿੰਗ ਕਰਦੇ ਹੋ, ਉੱਤੇ ਵੀ ਅਦਾਇਗੀ ਕੀਤੀ ਜਾ ਸਕਦੀ ਹੈ - ਆਪਣੀ ਅਦਾਇਗੀ ਨਾਲ ਆਪਣੀ ਰਸੀਦ ਲਾਉਣਾ ਜ਼ਰੂਰ ਯਾਦ ਰੱਖੋ। ਤੁਸੀਂ ਆਪਣੀ ਰਸੀਦ ਲੈ ਕੇ ਕਿਸੇ ਵੀ ਬੈਂਕ, ਟਰੱਸਟ ਕੰਪਨੀ ਜਾਂ ਕਰੈਡਿਟ ਯੂਨੀਅਨ ਵਿੱਚ ਵੀ ਅਦਾਇਗੀ ਕਰ ਸਕਦੇ ਹੋ।
3. ਬੀ ਸੀ ਵਿੱਚ ਕਿਤੇ ਵੀ ਕਿਸੇ ਵੀ ਹੇਠ ਲਿਖੇ ਦਫਤਰ ਵਿੱਚ ਜਾ ਕੇ ਅਦਾਇਗੀ ਕੀਤੀ ਜਾ ਸਕਦੀ ਹੈ:
   - ਆਟੋਪਲੈਨ ਬਰੋਕਰ
   - ਡਰਾਈਵਰ ਲਾਇਸੈਂਸ ਦੇਣ ਵਾਲਾ ਸੈਂਟਰ
   - ਨਿਯੁਕਤ ਏਜੰਟ
   - ਸਰਵਿਸ ਬੀ ਸੀ ਸੈਂਟਰ
   - ਆਈ ਸੀ ਬੀ ਸੀ ਕਲੇਮ ਸੈਂਟਰ

*ਤੁਹਾਨੂੰ ਪਤਾ ਹੋਣਾ ਚਾਹੀਦਾ ਹੈ:* ਕਰਿਮਨਲ ਕੋਡ ਦੇ ਜੁਰਮਾਨਿਆਂ ਨੂੰ ਅਦਾਲਤ ਵਿੱਚ ਜਾ ਕੇ ਅਦਾ ਕਰਨਾ ਜ਼ਰੂਰੀ ਹੈ।

## ਮੈਂ ਅਦਾਇਗੀ ਕਿਵੇਂ ਕਰ ਸਕਦਾ/ਸਕਦੀ ਹਾਂ?

ਜੇ ਤੁਸੀਂ ਡਾਕ ਰਾਹੀਂ ਅਦਾਇਗੀ ਕਰ ਰਹੇ ਹੋ, ਤਾਂ ਮਿਹਰਬਾਨੀ ਕਰਕੇ ਕਰੈਡਿਟ ਕਾਰਡ, ਚੈੱਕ ਜਾਂ ਮਨੀਆਰਡਰ ਰਾਹੀਂ ਅਦਾਇਗੀ ਕਰੋ। ਕ੍ਰਿਪਾ ਕਰਕੇ ਡਾਕ ਵਿੱਚ ਕੈਸ਼ ਨਾ ਭੇਜੋ। ਜੇ ਤੁਸੀਂ ਨਿੱਜੀ ਤੌਰ ਉੱਤੇ ਜਾ ਕੇ ਅਦਾਇਗੀ ਕਰ ਰਹੇ ਹੋ ਤਾਂ ਕੈਸ਼, ਸਰਟੀਫਾਈਡ ਚੈੱਕ ਜਾਂ ਮਨੀਆਰਡਰ ਸਵੀਕਾਰ ਕੀਤੇ ਜਾਣਗੇ। ਆਟੋਪਲੈਨ ਬਰੋਕਰ, ਡਰਾਈਵਰ ਲਾਇਸੈਂਸ ਦੇਣ ਵਾਲੇ ਸੈਂਟਰ ਅਤੇ ਨਿਯੁਕਤ ਏਜੰਟ (ਅਪੁਆਇੰਟਿਡ ਏਜੰਟ) ਵੀ ਵੀਜ਼ਾ, ਮਾਸਟਰ ਕਾਰਡ, ਅਮਰੀਕਨ ਐਕਸਪ੍ਰੈੱਸ ਅਤੇ ਡੈਬਟ ਕਾਰਡ ਲੈਂਦੇ ਹਨ।

## ਹੋਰ ਜਾਣਕਾਰੀ

ਜੇ ਡੀ ਆਰ ਪੀ ਜਾਂ ਡੀ ਪੀ ਪੀ ਲਈ ਤੁਹਾਡੇ ਹੋਰ ਸਵਾਲ ਹੋਣ ਤਾਂ ਕ੍ਰਿਪਾ ਕਰਕੇ ਸੰਪਰਕ ਕਰੋ:

Insurance Customer Services
151 West Esplanade
North Vancouver BC V7M 3H9
604-661-2800 ਜਾਂ 1-800-663-3051

### ਜਾਣਕਾਰੀ ਦੀ ਸੀਮਾ ਦਾ ਬਿਆਨ

ਇਸ ਪ੍ਰਕਾਸ਼ਨਾ ਵਿੱਚ ਦਿੱਤੀ ਜਾਣਕਾਰੀ ਦਾ ਮਕਸਦ ਸਿਰਫ ਆਮ ਜਾਣਕਾਰੀ ਦੇਣਾ ਹੈ ਅਤੇ ਇਸ ਦਾ ਮਕਸਦ ਕਾਨੂੰਨੀ ਜਾਂ ਪੇਸ਼ਾਵਰ (ਪ੍ਰੋਫੈਸ਼ਨਲ) ਸਲਾਹ ਦੇਣਾ ਨਹੀਂ। ਅਸੀਂ ਆਪਸ਼ਨਲ ਪਾਲਸੀ ਜਾਂ ਇਸ ਪ੍ਰਕਾਸ਼ਨਾ ਦੇ ਵਿਸ਼ੇ ਨਾਲ ਸੰਬੰਧਤ ਕੁਝ ਕਾਨੂੰਨਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਸਰਲ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਲਿਖਤ ਵਿੱਚ ਦਿੱਤੀ ਜਾਣਕਾਰੀ ਬਿਨਾਂ ਨੋਟਿਸ ਦਿੱਤਿਆਂ ਬਦਲ ਸਕਦੀ ਹੈ। ਤੁਹਾਨੂੰ ਮੌਜੂਦਾ ਕਾਨੂੰਨਾਂ ਅਤੇ ਵਿਨਿਯਮਾਂ ਜਾਂ ਪਾਲਸੀ ਦੀ ਵਿਸਤ੍ਰਿਤ ਲਿਖਤ ਅਤੇ ਸ਼ਰਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਭਾਵੇਂ ਕਿ ਉਹ ਇਸ ਪ੍ਰਕਾਸ਼ਨਾ ਵਿਚਲੀ ਲਿਖਤ ਅਤੇ ਸ਼ਰਤਾਂ ਦੇ ਉਲਟ ਜਾਂਦੀਆਂ ਹੋਣ।

ਇਹ ਬਰੋਸ਼ਰ ਅੰਗਰੇਜ਼ੀ ਵਿੱਚੋਂ ਅਨੁਵਾਦ ਕੀਤਾ ਗਿਆ ਹੈ। ਜੇ ਇਸ ਬਰੋਸ਼ਰ ਵਿੱਚ ਦੱਸੀਆਂ ਸ਼ਰਤਾਂ ਅਤੇ ਅੰਗਰੇਜ਼ੀ ਰੂਪ ਵਿੱਚ ਦੱਸੀਆਂ ਸ਼ਰਤਾਂ ਵਿਚਕਾਰ ਕੋਈ ਫਰਕ ਹੋਵੇ ਤਾਂ ਅੰਗਰੇਜ਼ੀ ਰੂਪ ਲਾਗੂ ਹੋਵੇਗਾ।

PI33B (032012)



# ਡਰਾਈਵਰ ਪੈਨਲਟੀ ਪੁਆਇੰਟ ਪ੍ਰੀਮੀਅਮ ਅਤੇ ਡਰਾਈਵਰ ਰਿਸਕ ਪ੍ਰੀਮੀਅਮ



## ਵਧ-ਖਤਰੇ ਭਰੇ ਢੰਗ ਨਾਲ ਗੱਡੀ ਚਲਾਉਣ ਦੀ ਕੀਮਤ ਚੁਕਾਉਣਾ

ਵਿਸ਼ਵਾਸ ਬਣਾਏ। ਭਰੋਸਾ ਵਧਾਏ।

ICBC

## ਡਰਾਈਵਰ ਪੈਨਲਟੀ ਪੁਆਇੰਟ ਪ੍ਰੀਮੀਅਮ ਅਤੇ ਡਰਾਈਵਰ ਰਿਸਕ ਪ੍ਰੀਮੀਅਮ

ਗੱਡੀ ਚਲਾਉਣ ਦੀਆਂ ਜ਼ਿਆਦਾ ਉਲੰਘਣਾਵਾਂ ਵਾਲੇ ਜਾਂ ਜ਼ਿਆਦਾ ਦੋਸ਼ਾਂ ਵਿੱਚ ਦੋਸ਼ੀ ਪਾਏ ਜਾਣ ਵਾਲੇ ਡਰਾਇਵਰ ਦੂਜੇ ਡਰਾਇਵਰਾਂ ਨਾਲੋਂ ਜ਼ਿਆਦਾ ਟੱਕਰਾਂ ਵਿੱਚ ਸ਼ਾਮਲ ਹੁੰਦੇ ਹਨ। ਸਾਡੇ ਗਾਹਕਾਂ ਦਾ ਕਹਿਣਾ ਹੈ ਕਿ ਉਹਨਾਂ ਡਰਾਇਵਰਾਂ ਨੂੰ ਸਾਡੀਆਂ ਸੜਕਾਂ ਉੱਪਰ ਵੱਧ ਖਤਰਿਆਂ ਅਤੇ ਉਹਨਾਂ ਨਾਲ ਸੰਬੰਧਤ ਕਲੇਮਾਂ ਦੇ ਖਰਚਿਆਂ ਲਈ ਜ਼ਿਆਦਾ ਖਰਚਾ ਅਦਾ ਕਰਨਾ ਚਾਹੀਦਾ ਹੈ।

**ਡੀ ਪੀ ਪੀ** ਅਧੀਨ, ਤੁਸੀਂ ਜੁਰਮਾਨਾ ਭਰਦੇ ਹੋ, ਜੇ ਤੁਸੀਂ:

- *ਮੋਟਰ ਵਿਹੀਕਲ ਐਕਟ* ਜਾਂ ਇਸ ਦੇ ਵਿਨਿਯਮਾਂ (ਰੈਗੂਲੇਸ਼ਨਾਂ) ਅਧੀਨ ਗੱਡੀ ਚਲਾਉਣ ਦੀਆਂ ਉਲੰਘਣਾਵਾਂ ਕਰਨ ਦੇ ਦੋਸ਼ੀ ਹੋਵੋ, ਜਾਂ
- ਕੈਨੇਡਾ ਦੀ *ਕ੍ਰਿਮੀਨਲ* ਕੋਡ ਅਧੀਨ ਕੁਝ ਖਾਸ ਦੋਸ਼ਾਂ, ਜਿਵੇਂ ਸ਼ਰਾਬ ਪੀ ਕੇ ਗੱਡੀ ਚਲਾਉਣ, ਲਈ ਦੋਸ਼ੀ ਪਾਏ ਜਾਵੋ।

ਡੀ ਪੀ ਪੀ ਦੇ ਪ੍ਰੀਮੀਅਮ ਤੁਹਾਡੇ ਵਲੋਂ ਇਕ ਸਾਲ ਦੇ ਅੰਦਰ ਕੀਤੀਆਂ ਗੱਡੀ ਚਲਾਉਣ ਦੀਆਂ ਉਲੰਘਣਾਵਾਂ ਉੱਤੇ ਆਧਾਰਤ ਹਨ ਅਤੇ ਉਲੰਘਣਾ(ਵਾਂ) ਕਾਰਨ ਹੋਣ ਵਾਲੇ ਹੋਰ ਜੁਰਮਾਨਿਆਂ ਜਾਂ ਮਿਲਣ ਵਾਲੇ ਦੰਡਾਂ ਤੋਂ ਵੱਖਰੇ ਹੁੰਦੇ ਹਨ।

ਤੁਸੀਂ **ਡੀ ਆਰ ਪੀ** ਅਦਾ ਕਰੋਗੇ ਜੇ:

- ਤੁਸੀਂ *ਕਰਿਮਨਲ ਕੋਡ* ਅਧੀਨ ਗੱਡੀ ਚਲਾਉਣ ਨਾਲ ਸੰਬੰਧਤ ਇਕ ਜਾਂ ਜ਼ਿਆਦਾ ਉਲੰਘਣਾਵਾਂ ਲਈ ਦੋਸ਼ੀ ਪਾਏ ਜਾਂਦੇ ਹੋ ਅਤੇ/ਜਾਂ
- *ਮੋਟਰ ਵਿਹੀਕਲ ਐਕਟ* ਅਧੀਨ 10-ਪੁਆਇੰਟਾਂ ਦੀਆਂ ਇਕ ਜਾਂ ਜ਼ਿਆਦਾ ਉਲੰਘਣਾਵਾਂ ਲਈ ਦੋਸ਼ੀ ਪਾਏ ਜਾਂਦੇ ਹੋ, ਅਤੇ/ਜਾਂ
- ਤੁਹਾਨੂੰ ਜ਼ਿਆਦਾ ਤੇਜ਼ ਗੱਡੀ ਚਲਾਉਣ ਲਈ ਇਕ ਜਾਂ ਜ਼ਿਆਦਾ ਟਿਕਟ ਮਿਲਦੇ ਹਨ, ਅਤੇ/ਜਾਂ
- ਸੜਕ ਉੱਤੇ ਤੁਹਾਡਾ ਲਾਇਸੰਸ ਦੋ ਜਾਂ ਜ਼ਿਆਦਾ ਮੁਲਤਵੀ ਕੀਤਾ ਜਾਂਦਾ ਹੈ/ਜਾਂ ਤੁਹਾਡੇ 'ਤੇ ਦੋ ਜਾਂ ਜ਼ਿਆਦਾ ਮਨਾਹੀਆਂ ਲਾਈਆਂ ਜਾਂਦੀਆਂ ਹਨ।

ਡੀ ਆਰ ਪੀ ਅਤੇ ਡੀ ਪੀ ਪੀ ਦੇ ਪ੍ਰੀਮੀਅਮ ਆਟੋਪਲੈਨ ਇੰਸ਼ੋਰੈਂਸ ਦੇ ਪ੍ਰੀਮਅਮਾਂ ਤੋਂ ਵੱਖਰੇ ਹਨ। ਜੇ ਤੁਸੀਂ ਕਿਸੇ ਗੱਡੀ ਦੇ ਮਾਲਕ ਨਹੀਂ ਵੀ ਹੋ ਜਾਂ ਤੁਹਾਡੇ ਨਾਂ ਕਿਸੇ ਗੱਡੀ ਦੀ ਇੰਸ਼ੋਰੈਂਸ ਨਹੀਂ ਹੈ, ਫਿਰ ਵੀ ਤੁਹਾਨੂੰ ਇਹਨਾਂ ਬਾਰੇ ਬਿੱਲ ਭੇਜਿਆ ਜਾਂਦਾ ਹੈ। ਇਹਨਾਂ ਤੋਂ ਹੋਈ ਕੋਈ ਵੀ ਆਮਦਨ ਆਟੋਪਲੈਨ ਦੇ ਪ੍ਰੀਮੀਅਮ ਘਟਾਉਣ ਲਈ ਵਰਤੀ ਜਾਵੇਗੀ।

### ਜੇ ਮੇਰੀ ਕੋਈ ਉਲੰਘਣਾ ਡਰਾਈਵਰ ਪੈਨਲਟੀ ਪ੍ਰੋਗਰਾਮ ਅਤੇ ਡਰਾਈਵਰ ਰਿਸਕ ਪ੍ਰੋਗਰਾਮ ਅਧੀਨ ਹੋਵੇ ਤਾਂ ਕੀ ਮੈਨੂੰ ਦੋ ਬਿੱਲ ਆਉਣਗੇ?

ਨਹੀਂ। ਡਰਾਈਵਰ ਰਿਸਕ ਪ੍ਰੀਮੀਅਮ ਅਤੇ ਡਰਾਈਵਰ ਪੈਨਲਟੀ ਪੁਆਇੰਟ ਪ੍ਰੋਗਰਾਮ ਨਾਲ ਨਾਲ ਚਲਦੇ ਹਨ। ਹਰ ਸਾਲ ਤੁਹਾਨੂੰ ਸਿਰਫ ਇਕ ਪ੍ਰੋਗਰਾਮ ਅਧੀਨ ਬਿੱਲ ਆਵੇਗਾ, ਜਿਹੜਾ ਪ੍ਰੀਮੀਅਮ ਵੀ ਵੱਧ ਹੋਇਆ।

ਅਸੀਂ ਤੁਹਾਡੀ ਅਸੈੱਸਮੈਂਟ ਦੀ ਤਰੀਕ, ਜਿਹੜੀ ਕਿ ਆਮ ਤੌਰ ਉੱਤੇ ਤੁਹਾਡੀ ਜਨਮ ਤਰੀਕ ਹੁੰਦੀ ਹੈ, ਤੋਂ ਲਗਭਗ ਇਕ ਮਹੀਨਾ ਪਹਿਲਾਂ ਡੀ ਆਰ ਪੀ/ਡੀ ਪੀ ਪੀ ਪ੍ਰੀਮੀਅਮ ਦਾ ਬਿੱਲ ਭੇਜਾਂਗੇ।

### ਡੀ ਪੀ ਪੀ ਦੇ ਪ੍ਰੀਮੀਆਮਾਂ ਦਾ ਹਿਸਾਬ ਕਦੋਂ ਅਤੇ ਕਿਵੇਂ ਲਾਇਆ ਜਾਂਦਾ ਹੈ?

ਡੀ ਪੀ ਪੀ ਦਾ ਬਿੱਲ ਹਰ ਸਾਲ ਭੇਜਿਆ ਜਾਂਦਾ ਹੈ। ਜੇ ਡੀ ਪੀ ਪੀ ਦੀ ਤੁਹਾਡੀ ਪਿਛਲੀ ਅਸੈੱਸਮੈਂਟ ਤੋਂ ਬਾਅਦ ਤੁਹਾਡੇ ਰਿਕਾਰਡ ਵਿੱਚ ਚਾਰ ਜਾਂ ਵੱਧ ਪੁਆਇੰਟ ਜੋੜੇ ਗਏ ਹਨ, ਤਾਂ ਤੁਹਾਨੂੰ ਟੇਬਲ 1 ਦੇ ਹਿਸਾਬ ਨਾਲ ਬਿੱਲ ਭੇਜਿਆ ਜਾਵੇਗਾ।

ਤੁਹਾਨੂੰ ਆਪਣੀ ਅਸੈੱਸਮੈਂਟ ਦੀ ਤਰੀਕ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ ਬਿੱਲ ਮਿਲੇਗਾ। ਡੀ ਪੀ ਪੀ ਦਾ ਬਿੱਲ ਗੱਡੀ ਚਲਾਉਣ ਦੀਆਂ ਉਹਨਾਂ ਉਲੰਘਣਾਵਾਂ ਉੱਤੇ ਲਾਗੂ ਹੋਵੇਗਾ ਜਿਹੜੀਆਂ ਉਲੰਘਣਾਵਾਂ ਤੁਸੀਂ ਆਪਣੀ ਅਸੈੱਸਮੈਂਟ ਦੀ ਤਰੀਕ ਤੋਂ ਪੰਜ ਮਹੀਨੇ ਪਹਿਲਾਂ ਦੀ ਤਰੀਕ ਤੋਂ ਪਹਿਲਾਂ ਦੇ 12 ਮਹੀਨਿਆਂ ਦੌਰਾਨ ਕੀਤੀਆਂ ਹੋਣਗੀਆਂ। ਇਸ ਵਿੱਚ ਇਸ ਤੋਂ ਪਹਿਲੇ ਸਮੇਂ ਦੌਰਾਨ ਕੀਤੀਆਂ ਤੁਹਾਡੀਆਂ ਉਲੰਘਣਾਵਾਂ ਵੀ ਸ਼ਾਮਲ ਹੋ ਸਕਦੀਆਂ ਹਨ ਜਿਹੜੀਆਂ ਹੁਣ ਤੁਹਾਡੇ ਡਰਾਈਵਿੰਗ ਰਿਕਾਰਡ ਉੱਪਰ ਦਰਜ ਕੀਤੀਆਂ ਗਈਆਂ ਹੋਣ।(ਰਿਕਾਰਡ ਵਿੱਚ ਦਰਜ ਕਰਨ ਅਤੇ ਕਾਰਵਾਈ ਕਰਨ ਲਈ ਲੱਗਣ ਵਾਲੇ ਸਮੇਂ ਕਾਰਨ ਤੁਹਾਡੇ ਰਿਕਾਰਡ ਵਿੱਚ ਪੁਆਇੰਟ ਦਰਜ ਕਰਨ ਦੀ ਤਰੀਕ ਉਲੰਘਣਾ ਦੀ ਤਰੀਕ ਤੋਂ ਬਾਅਦ ਦੀ ਹੋਵੇਗੀ)।

ਗੱਡੀ ਚਲਾਉਣ ਦੀਆਂ ਉਲੰਘਣਾਵਾਂ ਕਾਰਨ ਮਿਲਣ ਵਾਲੇ ਡਰਾਈਵਰ ਪੁਆਇੰਟ ਡੀ ਪੀ ਪੀ ਦੇ ਪ੍ਰੀਮੀਅਮਾਂ ਵਿੱਚ ਕਿਵੇਂ ਬਦਲਦੇ ਹਨ, ਉਸ ਦੀਆਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ:

- ਤੁਹਾਡੀ ਅਸੈੱਸਮੈਂਟ ਦੇ ਸਮੇਂ ਦੌਰਾਨ ਤੇਜ਼ ਗੱਡੀ ਚਲਾਉਣ ਦੀ ਇਕ ਉਲੰਘਣਾ ਕਾਰਨ ਜਮ੍ਹਾ ਹੋਏ ਤਿੰਨ ਪੁਆਇੰਟ = ਡੀ ਪੀ ਪੀ ਦਾ ਕੋਈ ਵੀ ਪ੍ਰੀਮੀਅਮ ਨਹੀਂ।
- ਤੁਹਾਡੀ ਅਸੈੱਸਮੈਂਟ ਦੇ ਸਮੇਂ ਦੌਰਾਨ ਤੇਜ਼ ਗੱਡੀ ਚਲਾਉਣ ਦੀ ਉਲੰਘਣਾ ਕਾਰਨ ਜਮ੍ਹਾ ਹੋਏ ਤਿੰਨ ਪੁਆਇੰਟਾਂ ਦੇ ਨਾਲ ਦੂਸਰੀ ਗੱਡੀ ਨੂੰ ਰਸਤਾ ਨਾ ਦੇਣ (ਫੇਲਿੰਗ ਟੂ ਯੀਲਡ) ਕਾਰਨ ਜਮ੍ਹਾ ਹੋਏ ਦੋ ਪੁਆਇੰਟ = 5 ਪੁਆਇੰਟ = ਡੀ ਪੀ ਪੀ ਦੇ ਪ੍ਰੀਮੀਅਮ ਦੇ 230 ਡਾਲਰ।

ਤੁਹਾਡੇ ਡੀ ਪੀ ਪੀ ਦੇ ਪ੍ਰੀਮੀਅਮਾਂ ਦਾ ਹਿਸਾਬ ਲਾਉਣ ਲਈ ਪੁਆਇੰਟ ਸਿਰਫ ਇਕ ਵਾਰ ਵਰਤੇ ਜਾਂਦੇ ਹਨ। ਉਦਾਹਰਨ ਲਈ: ਜੇ ਤੁਹਾਡਾ ਜਨਮ ਦਿਨ 15 ਜੂਨ ਨੂੰ ਹੈ ਤਾਂ ਤੁਹਾਡੇ ਡੀ ਪੀ ਪੀ ਦੇ ਪ੍ਰੀਮੀਅਮ ਦਾ ਹਿਸਾਬ ਮਈ ਵਿੱਚ ਲਾਇਆ ਜਾਵੇਗਾ, ਅਤੇ ਉਹ ਉਸ ਸਾਲ ਜਨਵਰੀ 15 ਤੋਂ ਪਹਿਲੇ 12 ਮਹੀਨਿਆਂ ਵਿੱਚ (ਜਨਵਰੀ 15 ਸਮੇਤ) ਇਕੱਤਰ ਕੀਤੇ ਪੁਆਇੰਟਾਂ ਦੇ ਆਧਾਰ ਉੱਤੇ ਲਾਇਆ ਜਾਵੇਗਾ।

### ਡੀ ਆਰ ਪੀ ਦਾ ਹਿਸਾਬ ਕਦੋਂ ਅਤੇ ਕਿਵੇਂ ਲਾਇਆ ਜਾਂਦਾ ਹੈ?

ਡੀ ਆਰ ਪੀ 1 ਜਨਵਰੀ 2009 ਵਿੱਚ ਸ਼ੁਰੂ ਹੋਇਆ ਸੀ ਅਤੇ ਇਸ ਦਾ ਬਿੱਲ ਸਲਾਨਾ ਭੇਜਿਆ ਜਾਂਦਾ ਹੈ। ਹਰ ਸਾਲ ਤੁਹਾਡੀ ਅਸੈੱਸਮੈਂਟ ਤਰੀਕ ਤੋਂ ਪਹਿਲਾਂ (ਜਿਹੜੀ ਕਿ ਆਮ ਕਰਕੇ ਤੁਹਾਡੀ ਜਨਮ ਤਰੀਕ ਹੁੰਦੀ ਹੈ) ਅਸੀਂ ਪਿਛਲੇ ਤਿੰਨ ਸਾਲਾਂ ਦੌਰਾਨ ਕੀਤੀਆਂ ਉਲੰਘਣਾਵਾਂ ਲਈ ਤੁਹਾਡਾ ਗੱਡੀ ਚਲਾਉਣ ਦਾ ਰਿਕਾਰਡ ਦੇਖਦੇ ਹਾਂ।

ਇਸ ਦਾ ਹਿਸਾਬ ਕਿਵੇਂ ਲਾਇਆ ਜਾਵੇਗਾ, ਇਸ ਦੀ ਇਕ ਉਦਾਹਰਨ ਇਸ ਤਰ੍ਹਾਂ ਹੈ, ਜੇ ਤੁਹਾਡਾ ਜਨਮ ਦਿਨ 1 ਜਨਵਰੀ 2012 ਨੂੰ ਹੈ।

- ਡੀ ਆਰ ਪੀ ਨਾਲ ਸੰਬੰਧਤ ਉਲੰਘਣਾਵਾਂ ਲਈ 3 ਅਗਸਤ 2008 ਤੋਂ ਲੈ ਕੇ 2 ਅਗਸਤ 2011 ਤੱਕ ਤੁਹਾਡੇ ਗੱਡੀ ਚਲਾਉਣ ਦੇ ਰਿਕਾਰਡ ਨੂੰ ਦੇਖਿਆ ਜਾਵੇਗਾ।
- ਜੇ ਗੱਡੀ ਚਲਾਉਣ ਦੇ ਤੁਹਾਡੇ ਰਿਕਾਰਡ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹੋਣ:
  - ਗੱਡੀ ਚਲਾਉਣ ਨਾਲ ਸੰਬੰਧਤ ਕੈਨੇਡਾ ਦੀ *ਕਰਿਮਨਲ ਕੋਡ* ਦੀਆਂ ਇਕ ਜਾਂ ਵੱਧ ਉਲੰਘਣਾਵਾਂ ਲਈ ਦੋਸ਼-ਸਿੱਧੀ ਅਤੇ/ਜਾਂ
  - *ਮੋਟਰ ਵਿਹੀਕਲ ਐਕਟ* ਦੀ 10 ਪੁਆਇੰਟਾਂ ਦੀ ਇਕ ਜਾਂ ਵੱਧ ਉਲੰਘਣਾਵਾਂ ਦੀ ਦੋਸ਼ ਸਿੱਧੀ, ਅਤੇ/ਜਾਂ
  - ਤੇਜ਼ ਗੱਡੀ ਚਲਾਉਣ ਲਈ ਇਕ ਜਾਂ ਵੱਧ ਉਲੰਘਣਾਵਾਂ ਲਈ ਦੋਸ਼-ਸਿੱਧੀ, ਅਤੇ ਜਾਂ
  - ਸੜਕ ਉੱਤੇ ਦੋ ਜਾਂ ਵੱਧ ਵਾਰ ਲਾਇਸੰਸ ਮੁਲਤਵੀ ਹੋਣਾ/ਜਾਂ ਦੋ ਜਾਂ ਜ਼ਿਆਦਾ ਮਨਾਹੀਆਂ ਦਾ ਲੱਗਣਾ।

  ਤਾਂ ਤੁਹਾਨੂੰ ਟੇਬਲ 2 ਦੇ ਅਨੁਸਾਰ ਡੀ ਆਰ ਪੀ ਅਦਾ ਕਰਨਾ ਪਵੇਗਾ।

### ਟੇਬਲ 1 ਡਰਾਈਵਰ ਪੈਨਲਟੀ ਪੁਆਇੰਟ ਪ੍ਰੀਮੀਅਮ

| ਡਰਾਈਵਰ ਪੈਨਲਟੀ ਪੁਆਇੰਟਾਂ ਦੀ ਗਿਣਤੀ | ਸਾਲਾਨਾ ਡੀ ਪੀ ਪੀ ਪ੍ਰੀਮੀਅਮ | ਡਰਾਈਵਰ ਪੈਨਲਟੀ ਪੁਆਇੰਟਾਂ ਦੀ ਗਿਣਤੀ | ਸਾਲਾਨਾ ਡੀ ਪੀ ਪੀ ਪ੍ਰੀਮੀਅਮ | ਡਰਾਈਵਰ ਪੈਨਲਟੀ ਪੁਆਇੰਟਾਂ ਦੀ ਗਿਣਤੀ | ਸਾਲਾਨਾ ਡੀ ਪੀ ਪੀ ਪ੍ਰੀਮੀਅਮ |
|---|---|---|---|---|---|
| 0-3 | ਕੁਝ ਨਹੀਂ | 19 | $3,440 | 35 | $11,120 |
| 4 | $175 | 20 | $3,760 | 36 | $11,760 |
| 5 | $230 | 21 | $4,160 | 37 | $12,400 |
| 6 | $300 | 22 | $4,560 | 38 | $13,040 |
| 7 | $415 | 23 | $4,960 | 39 | $13,680 |
| 8 | $520 | 24 | $5,360 | 40 | $14,560 |
| 9 | $640 | 25 | $5,760 | 41 | $15,360 |
| 10 | $905 | 26 | $6,240 | 42 | $16,160 |
| 11 | $1,080 | 27 | $6,720 | 43 | $16,960 |
| 12 | $1,260 | 28 | $7,200 | 44 | $17,760 |
| 13 | $1,680 | 29 | $7,680 | 45 | $18,560 |
| 14 | $1,920 | 30 | $8,160 | 46 | $19,520 |
| 15 | $2,160 | 31 | $8,720 | 47 | $20,480 |
| 16 | $2,480 | 32 | $9,280 | 48 | $21,440 |
| 17 | $2,800 | 33 | $9,840 | 49 | $22,400 |
| 18 | $3,120 | 34 | $10,480 | 50 ਜਾਂ ਵੱਧ | $24,000 |

ਤੁਹਾਡੇ ਉੱਤੇ ਲਾਗੂ ਹੋਣ ਵਾਲੀ ਹਰ ਸ਼੍ਰੇਣੀ ਲਈ ਤੁਹਾਨੂੰ ਬਿੱਲ ਭੇਜਿਆ ਜਾਵੇਗਾ। ਉਦਾਹਰਨ ਲਈ, ਜੇ ਤੁਹਾਡੀ ਅਸੈੱਸਮੈਂਟ ਦੇ ਸਮੇਂ ਦੌਰਾਨ ਤੁਹਾਡਾ ਲਾਇਸੰਸ ਸੜਕ ਉੱਤੇ ਦੋ ਵਾਰ ਮੁਲਤਵੀ ਹੋਇਆ ਹੈ, ਅਤੇ ਤੁਹਾਡੇ ਉੱਤੇ ਤੇਜ਼ ਗੱਡੀ ਚਲਾਉਣ ਦਾ ਇਕ ਦੋਸ਼ ਸਿੱਧ ਹੋਇਆ ਹੈ ਅਤੇ ਤੁਸੀਂ ਕੈਨੇਡਾ ਦੀ *ਕਰਿਮਨਲ ਕੋਡ* ਅਧੀਨ ਇਕ ਦੋਸ਼ ਲਈ ਦੋਸ਼ੀ ਪਾਏ ਗਏ ਹੋ, ਤਾਂ ਤੁਸੀਂ 1595 ਡਾਲਰ ਅਦਾ ਕਰੋਗੇ:

- ਸੜਕ ਉੱਤੇ ਲਾਇਸੰਸ ਮੁਲਤਵੀ ਹੋਣ ਕਾਰਨ 370 ਡਾਲਰ
- ਤੇਜ਼ ਗੱਡੀ ਚਲਾਉਣ ਲਈ 320 ਡਾਲਰ
- ਕੈਨੇਡਾ ਦੀ *ਕਰਿਮਨਲ ਕੋਡ* ਅਧੀਨ ਦੋਸ਼ੀ ਪਾਏ ਜਾਣ ਲਈ 905 ਡਾਲਰ।

### ਕੀ ਮੈਨੂੰ ਇਕ ਸਾਲ ਤੋਂ ਵੱਧ ਸਮੇਂ ਲਈ ਜੁਰਮਾਨਾ ਦੇਣਾ ਪਵੇਗਾ?

ਤੁਹਾਨੂੰ ਹਰ ਸਾਲ ਵਿੱਚ ਸਿਰਫ ਇਕ ਵਾਰ ਹੀ ਡੀ ਆਰ ਪੀ ਦਾ ਬਿੱਲ ਮਿਲੇਗਾ, ਪਰ ਡੀ ਆਰ ਪੀ ਲਈ ਤਿੰਨਾਂ ਸਾਲਾਂ ਦੇ ਸਮੇਂ ਦੀਆਂ ਸਾਰੀਆਂ ਉਲੰਘਣਾਵਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ, ਇਸ ਲਈ ਹੋ ਸਕਦਾ ਹੈ ਕਿ ਕਿਸੇ ਗੰਭੀਰ ਉਲੰਘਣਾ ਲਈ ਤਿੰਨਾਂ ਸਾਲਾਂ ਦੌਰਾਨ ਹਰ ਸਾਲ ਬਿੱਲ ਭੇਜਿਆ ਜਾਵੇ।

### ਟੇਬਲ 2 ਡਰਾਈਵਰ ਰਿਸਕ ਪ੍ਰੀਮੀਅਮ

| ਸਿੱਧ ਹੋਏ ਦੋਸ਼ਾਂ ਦੀ ਗਿਣਤੀ | ਕਰਿਮਨਲ ਕੋਡ ਅਧੀਨ ਸਿੱਧ ਹੋਏ ਦੋਸ਼/ਐਮ ਵੀ ਏ ਅਧੀਨ 10 ਪੁਆਇੰਟਾਂ ਦੇ ਸਿੱਧ ਹੋਏ ਦੋਸ਼ | ਸੜਕ ਉੱਤੇ ਲਾਇਸੰਸ ਮੁਲਤਵੀ ਹੋਣਾ/ ਮਨਾਹੀਆਂ ਲੱਗਣਾ | ਤੇਜ਼ ਗੱਡੀ ਚਲਾਉਣ ਲਈ ਸਿੱਧ ਹੋਏ ਦੋਸ਼ |
|---|---|---|---|
| 1 | $905 | | $320 |
| 2 | $3,760 | $370 | $370 |
| 3 | $8,160 | $430 | $430 |
| 4 | $14,560 | $490 | $490 |
| 5 | $24,000 | $560 | $560 |
| 6 | $24,000 | $640 | $640 |
| 7 | $24,000 | $740 | $740 |
| 8 | $24,000 | $850 | $850 |
| 9 | $24,000 | $980 | $980 |
| 10 | $24,000 | $1,130 | $1,130 |

10 ਤੋਂ ਵੱਧ ਦੋਸ਼-ਸਿੱਧੀਆਂ (ਕਨਵਿਕਸ਼ਨਜ਼) ਲਈ ਰਕਮ ਵੱਧਦੀ ਰਹੇਗੀ।